ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ, ਪੰਜਾਬ,ਚੰਡੀਗੜ੍ਹ
(ਰਿਣ ਸ਼ਾਖਾ-1)

ਵੱਲ

1. ਪ੍ਰਬੰਧਕ ਨਿਰਦੇਸ਼ਕ
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 34 ਚੰਡੀਗੜ੍ਹ।

2. ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿੱਚ।

ਮੀਮੋ ਨੰਬਰ ਰਸਸ/ਰਿਣ-1/ਸੀਏ-2/217 P-2/123 ਮਿਤੀ: 06-04-2020

ਵਿਸ਼ਾ:- ਸਾਲ 2020-21 ਲਈ ਥੋੜੀ ਮਿਆਦ ਦੇ ਫਸਲੀ ਕਰਜਿਆ ਬਾਰੇ ਸਕੇਲ ਆਫ ਫਾਈਨਾਂਸ extend ਕਰਨ ਸਬੰਧੀ।

ਆਪ ਦਾ ਧਿਆਨ ਵਿਸ਼ੇ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ ਰਸਸ/ਰਿਣ-1/ਸੀ.ਏ-2/146 ਮਿਤੀ 19.03.2019 ਅਤੇ ਪੱਤਰ ਨੰਬਰ ਰਸਸ/ਰਿਣ-1/ਸੀਏ-2/211 ਮਿਤੀ 26.04.2019, ਜਿਸ ਰਾਹੀਂ ਥੋੜ੍ਹੀ ਮਿਆਦ ਦੇ ਫਸਲੀ ਕਰਜਿਆਂ ਲਈ ਸਾਲ 2019-20 ਵਾਸਤੇ ਸਕੇਲ ਆਫ਼ ਫਾਈਨਾਂਸ ਨਿਰਧਾਰਿਤ ਕੀਤੇ ਗਏ ਸਨ, ਵੱਲ ਦਿਵਾਉਂਦੇ ਹੋਏ, ਉਕਤ ਪੱਤਰਾਂ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਸਾਲ 2019-20 ਲਈ ਨਿਰਧਾਰਿਤ ਕੀਤੇ ਸਕੇਲ ਆਫ਼ ਫਾਈਨਾਂਸ ਨੂੰ ਸਾਲ 2020-21 ਲਈ ਵੀ ਇਸ ਸ਼ਰਤ ਤੇ extend ਕੀਤਾ ਜਾਂਦਾ ਹੈ ਕਿ ਮੈਂਬਰਾਂ ਵਲੋਂ ਇਹ undertaking ਦਿੱਤੀ ਜਾਵੇਗੀ ਕਿ ਉਨ੍ਹਾਂ ਵਲੋਂ ਪਿੱਛਲੇ ਵਿੱਤੀ ਸਾਲ ਦੌਰਾਨ ਜ਼ਮੀਨ ਦੀ ਕੋਈ ਵੇਚ ਜਾਂ ਖਰੀਦ ਨਹੀਂ ਕੀਤੀ ਗਈ। ਜੇਕਰ ਕਿਸੇ ਮੈਬਰ ਵੱਲੋ ਪਿਛਲੇ ਵਿੱਤੀ ਸਾਲ ਦੌਰਾਨ ਜਮੀਨ ਵੇਚੀ ਜਾਂ ਖਰੀਦੀ ਗਈ ਹੈ ਤਾਂ ਉਸ ਸਬੰਧੀ ਮੈਂਬਰਾਂ ਵੱਲੋ undertaking ਦਿੱਤੀ ਜਾਵੇਗੀ ਅਤੇ ਅਜਿਹੇ ਮੈਂਬਰਾਂ ਦਾ ਸਕੇਲ ਆਫ਼ ਫਾਈਨਾਂਸ ਉਹਨਾਂ ਦੀ ਜਮੀਨ ਅਨੁਸਾਰ ਹੀ ਦੁਬਾਰਾ ਬਣਾਇਆ ਜਾਵੇ। ਕੇਂਦਰੀ ਸਹਿਕਾਰੀ ਬੈਂਕਾ ਵਲੋਂ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਮੈਂਬਰਾਂ ਨੂੰ ਕਰਜੇ ਦੀ ਐਡਵਾਂਸਮੈਂਟ ਸਭਾਵਾਂ ਵਲੋਂ ਪਹਿਲਾਂ ਦਿੱਤੇ ਦਸਤਾਵੇਜਾਂ ਦੇ ਅਧਾਰ ਤੇ ਹੀ ਕੀਤੀ ਜਾਵੇਗੀ ਅਤੇ ਲਾਕਡਾਊਨ/ਕਰਫਿਊ ਦੀ ਸਥਿਤੀ ਖਤਮ ਹੋਣ ਉਪਰੰਤ ਇਸ ਸਬੰਧੀ ਲੋੜੀਂਦੇ ਮਤੇ/ਦਸਤਾਵੇਜ਼ ਸਭਾਵਾਂ ਪਾਸੋਂ ਪ੍ਰਾਪਤ ਕਰ ਲਏ ਜਾਣ। ਭਾਈ ਘੱਨੀਆ ਸਿਹਤ ਸੇਵਾ ਸਕੀਮ ਅਧੀਨ ਹਰੇਕ ਮੈਬਰ ਵੱਲੋ ਜਰਾਇਤੀ/ਗੈਰ ਜਰਾਇਤੀ ਦਿੱਤੀ ਜਾਣ ਵਾਲੀ ਬਕਾਇਆ ਰਹਿੰਦੀ ਕਿਸ਼ਤ ਦੇ ਬਰਾਬਰ ਵਿਸ਼ੇਸ਼ ਹੱਦ ਕਰਜਾ ਪ੍ਰਵਾਨ ਕੀਤਾ ਜਾਂਦਾ ਹੈ। ਠੇਕੇ ਤੇ ਲਈ ਗਈ ਜ਼ਮੀਨ ਤੇ ਉਗਾਈਆਂ ਜਾਣ ਵਾਲੀਆਂ ਫਸਲਾਂ ਲਈ ਫਸਲੀ ਕਰਜ਼ੇ ਸਬੰਧੀ ਇਸ ਦਫਤਰ ਵੱਲੋਂ ਜਾਰੀ ਕੀਤੀਆਂ ਗਈਆਂ ਪਹਿਲੀਆਂ ਹਦਾਇਤਾਂ ਲਾਗੂ ਰਹਿਣਗੀਆ। ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਇਹ ਪੱਤਰ ਮਾਨਯੋਗ ਰਜਿਸਟਰਾਰ,ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਵਧੀਕ ਰਜਿਸਟਰਾਰ(ਰਿਣ)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰਬਰ ਰਸਸ/ਰਿਣ-1/ਸੀਏ-2/217 P-2/ 124 ਮਿਤੀ: 06-04-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ, ਵਧੀਕ ਮੁੱਖ ਸਕੱਤਰ, ਸਹਿਕਾਰਤਾ, ਪੰਜਾਬ ਨੂੰ ਵਧੀਕ ਮੁੱਖ ਸਕੱਤਰ, ਸਹਿਕਾਰਤਾ ਜੀ ਦੀ ਜਾਣਕਾਰੀ ਹਿੱਤ।
2. ਵਿੱਤੀ ਕਮਿਸ਼ਨਰ ਮਾਲ, ਪੰਜਾਬ ਸਰਕਾਰ, ਚੰਡੀਗੜ੍ਹ।
3. ਵਾਈਸ ਚਾਂਸਲਰ,ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ।
4. ਡਾਇਰੈਕਟਰ ਖੇਤੀਬਾੜੀ ਵਿਭਾਗ,ਪੰਜਾਬ,(ਖੇਤੀ ਭਵਨ) ਫੇਜ਼-6 ਨੇੜੇ ਦਾਰਾ ਸਟੂਡੀਊ, ਚੰਡੀਗੜ੍ਹ।
5. ਚੀਫ ਜਨਰਲ ਮੈਨੇਜਰ ਨਬਾਰਡ ਚੰਡੀਗੜ੍ਹ।
6. ਚੀਫ਼ ਜਨਰਲ ਮੈਨੇਜਰ ,ਆਰ.ਬੀ.ਆਈ.ਸੈਕਟਰ 17 ਚੰਡੀਗੜ੍ਹ।
7. ਕਨਵੀਨਰ ਰਾਜ ਪੱਧਰੀ ਬੈਂਕਰਜ਼ ਕਮੇਟੀ ਪੰਜਾਬ(ਰਾਹੀਂ ਪੰਜਾਬ ਨੈਸ਼ਨਲ ਬੈਂਕ ਸੈਕਟਰ 17, ਚੰਡੀਗੜ੍ਹ)।
8. ਚੀਫ ਆਡੀਟਰ,ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ੍ਹ।
9. ਪ੍ਰਬੰਧਕ ਨਿਰਦੇਸ਼ਕ ਪਨਕੋਫੈਡ ਪੰਜਾਬ ਚੰਡੀਗੜ੍ਹ।
10. ਪੀ.ਏ.ਟੂ ਰ.ਸ.ਸ ਨੂੰ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ,ਪੰਜਾਬ ਜੀ ਦੀ ਜਾਣਕਾਰੀ ਹਿੱਤ।
11. ਸਮੂਹ ਪ੍ਰਬੰਧਕ ਨਿਰਦੇਸ਼ਕ, ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਪੰਜਾਬ ਰਾਜ ਵਿੱਚ ।
12. ਮੁੱਖ ਕਾਰਜਕਾਰੀ ਅਫਸਰ, ਭਾਈ ਘਨੱਈਆ ਸਿਹਤ ਸੇਵਾ ਸਕੀਮ ਸੈਕਟਰ 34,ਚੰਡੀਗੜ੍ਹ।

ਵਧੀਕ ਰਜਿਸਟਰਾਰ(ਰਿਣ)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

Scanned with CamScanner